# ਆਪਣੇ ਈ ਆਰ ਦੀ ਵਰਤੋਂ ਸਿਆਣਪ ਨਾਲ ਕਰੋ

## ਸਹੀ ਥਾਂ ’ਤੇ ਸਹੀ ਇਲਾਜ ਦੀ ਚੋਣ ਕਰੋ।

### ਸਿਹਤ ਦਾ ਫਿਕਰ ਹੈ?

ਪਹਿਲਾਂ ਆਪਣੇ ਫੈਮਿਲੀ ਡਾਕਟਰ ਨੂੰ ਫੋਨ ਕਰੋ।
ਉਸੇ ਦਿਨ ਦੀਆਂ ਜ਼ਰੂਰੀ ਅਪੌਇੰਟਮੈਂਟਾਂ ਉਪਲਬਧ ਹੋ ਸਕਦੀਆਂ ਹਨ।

### ਫੈਮਿਲੀ ਡਾਕਟਰ ਉਪਲਬਧ ਨਹੀਂ ਹੈ?

ਜ਼ਰੂਰੀ, ਜ਼ਿੰਦਗੀ ਨੂੰ ਖਤਰੇ ਵਿਚ ਨਾ ਪਾਉਣ ਵਾਲੀਆਂ ਸੱਟਾਂ ਜਾਂ ਬੀਮਾਰੀਆਂ ਲਈ ਕਿਸੇ **ਅਰਜੈਂਟ ਐਂਡ ਪ੍ਰਾਇਮਰੀ ਕੇਅਰ ਸੈਂਟਰ** ਨੂੰ ਜਾਉ।

**ਸਥਾਨ: fraserhealth.ca/urgentcare**

### ਭਰੋਸੇਯੋਗ ਸਿਹਤ ਸਲਾਹ ਦੀ ਲੋੜ ਹੈ?

ਕਿਸੇ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ, ਸਵੇਰ ਦੇ **10** ਵਜੇ ਤੋਂ ਰਾਤ ਦੇ ਵਜੇ ਤੱਕ, ਹਫਤੇ ਦੇ ਸੱਤੇ ਦਿਨ, ਸਾਡੀ **ਫਰੇਜ਼ਰ ਹੈਲਥ ਵਰਚੁਅਲ ਕੇਅਰ ਟੀਮ** ਨੂੰ **1-800-314-0999** ’ਤੇ ਫੋਨ ਕਰੋ।

### ਜ਼ਰੂਰੀ ਦਵਾਈ ਰੀਫਿਲ ਕਰਵਾਉਣੀ ਹੈ?

ਦਵਾਈਆਂ ਰੀਫਿਲ ਕਰਵਾਉਣ ਲਈ ਆਪਣੇ ਫਾਰਮਾਸਿਸਟ ਨੂੰ ਫੋਨ ਕਰੋ ਜਾਂ ਉੱਥੇ ਜਾਉ।

### ਮਾਨਸਿਕ ਸਿਹਤ ਦਾ ਫਿਕਰ ਹੈ?

**ਫਰੇਜ਼ਰ ਹੈਲਥ ਕਰਾਈਸਿਸ ਲਾਈਨ** ਨੂੰ ਦਿਨ ਦੇ **24** ਘੰਟੇ **1-877-820-7444** ’ਤੇ ਫੋਨ ਕਰੋ।

### ਗੰਭੀਰ ਜਾਂ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਹਾਲਤ ਹੈ?

ਗੰਭੀਰ ਜਾਂ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀਆਂ ਹਾਲਤਾਂ ਲਈ **9-1-1** ਨੂੰ ਫੋਨ ਕਰੋ ਜਾਂ ਆਪਣੇ ਨੇੜੇ ਦੇ ਐਮਰਜੰਸੀ ਰੂਮ ਨੂੰ ਜਾਉ।

patienteduc.fraserhealth.ca | Use your ER wisely |
Catalogue #265404 (March 2022) Punjabi

fraserhealth
Better health. Best in health care.